# . ਇੱਛਾ, ਕਰਮ ਅਤੇ ਫ਼ਲ।

. **ਇੱਛਾ:** ਮਨੁੱਖੀ ਮਨ ਦੀ ਖਵਾਹਿਸ਼, ਲਾਲਸਾ, ਅਭਿਲਾਸ਼ਾ, ਲੋੜ।

. ਇੱਛਾ ਮਨੁੱਖੀ-ਕਰਮ ਦਾ ਕਰਮ-ਬੀਜ਼ ਹੈ।




. ਮਨੁੱਖੀ ਮਨ ਕਦੇ ਟਿੱਕ ਕੇ ਨਹੀਂ ਬਹਿੰਦਾ, ਹਰ ਵਕਤ ਹੀ ਚਲਾਇਮਾਨ ਹੈ, ਚਾਹੇ ਦਿਨ ਹੋਵੇ ਚਾਹੇ ਰਾਤ। ਇਹ ਮਨੁੱਖੀ ਮਨ ਚੰਚਲ ਹੈ, ਮਨ ਦੀ ਚੰਚਲਤਾ ਵੀ ਬਹੁ ਪ੍ਰਕਾਰੀ ਹੈ।

. ਇਹ ਮਨ ਬਹੁ ਅਭਿਲਾਸ਼ੀ ਹੈ, ਇਹ ਬਹੁਤ ਕੁੱਝ ਪਾਉਂਣਾ ਹੀ ਪਾਉਂਣਾ ਚਹੁੰਦਾ ਹੈ ਗਵਾਉਂਣਾ ਨਹੀਂ ਕੁੱਝ ਵੀ ਨਹੀਂ ਚਹੁੰਦਾ।

ਹਰ ਵਕਤ ਕਿਸੇ ਨਾ ਕਿਸੇ ਮਸਲੇ ਵਿੱਚ ਉੱਲਝਿਆ ਰਹਿੰਦਾ ਹੈ। ਚਾਹੇ ਉਹ ਮਸਲਾ ਲੈਣ ਦਾ ਹੈ ਜਾਂ ਦੇਣ ਦਾ।

. ਮਨ ਬਹੁ-ਅਭਿਲਾਸ਼ੀ ਹੋਣ ਕਰਕੇ, ਆਪਣੇ ਆਪ ਵਿੱਚ ਬਹੁਤ ਸਾਰੀਆਂ ਇੱਛਿਆਵਾਂ, ਖਵਾਹਿਸ਼ਾਂ, ਲਾਲਸਾਵਾਂ, ਲੋੜਾਂ, ਸੰਜੋਅ ਰੱਖਦਾ ਹੈ।

. ਹਰ ਵਕਤ ਕੋਈ ਨਾ ਕੋਈ ਇੱਛਾ ਬਣੀ ਰਹਿੰਦੀ ਹੈ

. ਮਨੁੱਖ ਦੇ ਸਰੀਰ ਵਿੱਚ ਜਦ ਤੱਕ 'ਚੇਤਨਤਾ' ਦਾ ਚੱਕਰ ਚੱਲਦਾ ਰਹਿੰਦਾ ਹੈ, ਤੱਦ ਤੱਕ ਮਨੁੱਖੀ ਮਨ ਦੀਆਂ ਇੱਛਿਆਵਾਂ/ਖਵਾਹਸ਼ਾਂ ਦਾ ਅੰਤ ਨਹੀਂ ਹੁੰਦਾ। ਮਰਨ ਕਿਨਾਰੇ ਮੰਜੇ ਉੱਪਰ ਪਿਆ ਮਨੁੱਖ ਵੀ ਆਪਣੇ ਮਨ ਦੀਆਂ ਇੱਛਿਆਵਾਂ ਨੂੰ ਰੋਕ ਨਹੀਂ ਪਾਉਂਦਾ।

. ਇਹ ਲੋੜਾਂ-ਇੱਛਿਆਵਾਂ/ਖਵਾਹਸ਼ਾਂ ਮਨੁੱਖ ਦੇ ਸੁਪਨੇ ਲੈਣ/ਵੇਖਣ ਦੀ ਨਿਆਈਂ ਹਨ। ਸੁਪਨੇ ਹਰ ਮਨੁੱਖ ਲੈ ਸਕਦਾ ਹੈ। ਹਰ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਦੇ ਸੁਪਨੇ ਜਾਗਦੇ ਹੋਏ ਹੀ ਵੇਖਦਾ ਹੈ। ਜਾਗਦੇ ਹੋਏ ਸੁਪਨੇ ਵੇਖਣੇ ਤੋਂ ਕੋਈ ਕਿਸੇ ਮਨੁੱਖ ਨੂੰ ਸੁਪਨੇ ਵੇਖਣ ਤੋਂ ਨਹੀਂ ਰੋਕ ਸਕਦਾ।

. ਮਨੁੱਖੀ ਮਨ ਦੀਆਂ ਇਹ ਇੱਛਿਆਵਾਂ/ਖਵਾਹਸ਼ਾਂ ਵੀ ਮਨੁੱਖ ਆਪਣੇ ਸੁਆਰਥ-ਲਾਲਚ-ਮਤਲਬ-ਖ਼ੁਦਗਰਜ਼ੀ-ਲੋੜਾਂ ਨੂੰ ਮੱਦੇ ਨਜ਼ਰ ਰੱਖ ਕੇ ਬਣਾਉਂਦਾ ਹੈ, ਘੜਦਾ ਹੈ, ਸੰਜੋਅਦਾ ਹੈ।

. ਸਿਤਮ ਇਹ ਹੈ ਕਿ ਹਰ ਮਨੁੱਖ ਆਪਣੀਆਂ ਬੁਣੀਆਂ-ਬਣਾਈਆਂ, ਘੜੀਆਂ, ਸੋਚੀਆਂ, ਇੱਛਿਆਵਾਂ/ਖਵਾਹਸ਼ਾਂ ਦਾ ਫ਼ਲ/ਰਜੱਲਟ ਵੀ ਆਪਣੀ ਹੀ 'ਇੱਛਾ' ਦੇ ਅਨੁਸਾਰ ਹੀ ਚਹੁੰਦਾ ਹੈ, ਲੋੜਦਾ ਹੈ, ਭਾਲਦਾ ਹੈ, ਲੱਭਦਾ ਹੈ, ਲੋਚਦਾ ਹੈ।

. ਕਈ ਵਾਰ ਐਸਾ ਹੋ ਸਕਦਾ ਹੈ।

. ਕਈ ਵਾਰ ਅਜੇਹਾ ਨਹੀਂ ਹੁੰਦਾ।

. ਬਸ਼ਰਤੇ! ! ਇੱਛਾ/ਖਵਾਹਸ਼ ਰੱਖਣ ਵਾਲਾ ਮਨੁੱਖ ਆਪਣੀ ਇੱਛਾ ਖਵਾਹਸ਼ ਨੂੰ ਸਾਰੰਜਾਮ ਉਸ ਤਰੀਕੇ-ਸਲੀਕੇ ਨਾਲ ਲਿਆਵੇ/ਦੇਵੇ, ਜਿਸ ਤਰਾਂ ਦਾ ਰਜੱਲਟ/ਫ਼ਲ ਉਹ ਮਨੁੱਖ ਚਹੁੰਦਾ ਹੈ।

. ਕਿਸੇ ਕਿਸਮ ਦੀ ਇੱਛਾ/ਖਵਾਹਸ਼ ਮਨ ਵਿੱਚ ਰੱਖਣਾ, ਬਣਾਉਂਣਾ, ਗੁਨਾਹ ਨਹੀਂ ਹੈ, ਬੁਰਾ ਨਹੀਂ। ਹਰ ਮਨੁੱਖ ਆਜ਼ਾਦ ਹੈ, ਆਪਣੇ ਮਨ-ਇੱਛੇ ਸੁਪਨੇ ਸੰਜੋਣ ਲਈ, ਬੁਨਣ ਲਈ।

. ਇਹ ਕਿਰਿਆ, ਸੋਚਾਂ ਸੋਚਣੀਆਂ, ਫੁਰਨੇ ਘੜਨਾ, ਕੁੱਦਰਤੀ ਹੈ, ਸੁਭਾਵਿੱਕ ਹੈ। ਮਨੁੱਖ ਆਪਣੀਆਂ ਜਰੂਰਤਾਂ/ਲੋੜਾਂ ਦੀ ਪੂਰਤੀ ਲਈ ਬਹੁਤ ਸਾਰੇ ਵਿਕੱਲਪਾਂ ਨੂੰ, ਤਰੀਕਿਆਂ ਨੂੰ ਆਪਣੇ ਵਿਚਾਰ ਅਧੀਨ ਲਿਆਉਂਦਾ ਹੈ, ਪੜਤਾਲਦਾ ਹੈ, ਵਿਉਂਤਦਾ ਹੈ।

. ਕਿਸ ਵਿਕੱਲਪ/ਤਰੀਕੇ ਨਾਲ ਮਨੁੱਖ ਨੂੰ ਫਾਇਦਾ ਹੋ ਸਕਦਾ ਹੈ, ਉਸੇ ਵਿਕੱਲਪ/ਤਰੀਕੇ ਨੂੰ ਮਨੁੱਖ ਆਪਣੇ ਕਰਮਾਂ ਵਿੱਚ ਲਿਆਉਂਦਾ ਹੈ।

. ਕੁੱਦਰਤ ਦਾ ਵਿੱਧੀ-ਵਿਧਾਨ ਹੀ ਐਸਾ ਹੈ, ਕਿ ਜੈਸਾ ਕੋਈ ਬੀਜ ਬੀਜੇਗਾ, ਉਸੇ ਤਰਾਂ ਦਾ ਪੌਦਾ/ਦਰਖ਼ਤ ਉਗੇਗਾ/ਬਣੇਗਾ। ਉਸੇ ਹੀ ਕਿਸਮ ਦੇ ਫੁੱਲ-ਫ਼ਲ ਲੱਗਣਗੇ।

. ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਮ5॥ 134॥

. ਜੇਹਾ – ਜਿਸ ਤਰਾਂ ਦਾ। . ਬੀਜੈ – ਬੀਜਦਾ ਹੈ। . ਸੋ – ਉਸੇ ਤਰਾਂ ਦਾ।

. ਲੁਣੈ – ਵੱਢਦਾ ਹੈ। . ਕਰਮਾਂ – ਮਨੁੱਖ ਦੁਆਰਾਂ ਕੀਤੇ ਕਰਮ/ਕੰਮ

. ਸੰਦੜਾ – ਕਰਮ/ਕੰਮ ਕਰਨ ਦੀ ਜਗਹ/ਥਾਂ ਦੇ ਵਾਂਗਰ/ਵਾਂਗ

. ਖੇਤ – ਫਸਲ ਬੀਜਣ ਵਾਲੀ ਜਗਹ/ਖੇਤ ਦੇ ਨਿਆਈਂ/ਵਾਂਗ/ਤਰਹ।




. ਇਹ ਸੰਸਾਰ ਹੀ ਮਨੁੱਖ ਦੇ ਕਰਮਾਂ ਰੂਪੀ, ਭਾਵ ਆਪਣੀ ਸੋਚਾਂ/ਇੱਛਾ ਦੇ ਅਨੁਸਾਰੀ ਕਰਮ/ਕੰਮ ਕਰਨ, ਫਸਲ ਬੀਜਣ ਵਾਲੀ ਜਗਹ/ਖੇਤ ਹੈ। ਇਸ ਸੰਸਾਰ ਵਿੱਚ ਮਨੁੱਖ ਜਿਸ ਤਰਾਂ ਦਾ ਕਰਮ/ਕੰਮ ਕਰੇਗਾ, ਉਸੇ ਤਰਹ ਦਾ ਫੁੱਲ-ਫ਼ਲ ਲੱਗੇਗਾ, ਭਾਵ ਅਗਰ 'ਚੰਗਿਆਈ' ਵਾਲਾ ਕਰਮ ਕੀਤਾ ਹੈ ਤਾਂ

ਮਨੁੱਖ ਨੂੰ 'ਚੰਗਿਆਈ' ਮਿਲੇਗੀ। ਅਗਰ 'ਬੁਰਿਆਈ' ਵਾਲਾ ਕਰਮ ਕੀਤਾ ਹੈ ਤਾਂ ਫ਼ਲ 'ਬੁਰਿਆਈ' ਵਾਲਾ ਹੋਵੇਗਾ।

. ਹੁਣ ਇਹ ਹਰ ਮਨੁੱਖ ਨੇ ਆਪੋ-ਆਪਣਾ ਵਿਚਾਰ ਕਰਨਾ ਹੈ, ਕਿ ਮੈਂ ਕਿਸ ਦੇ ਕਰਮਾਂ ਰੂਪੀ ਬੀਜ ਆਪਣੇ ਮਨੁੱਖਾ-ਜੀਵਨ ਦੇ ਖੇਤ ਵਿੱਚ ਬੀਜਣਾ ਚਹੁੰਦਾ/ਚਹੁੰਦੀ ਹਾਂ, ਖਿਲ਼ਾਰਨਾ ਚਹੰਦਾ/ਚਹੁੰਦੀ ਹਾਂ, ਲਾਉਣਾ ਚਹੁੰਦਾ/ਚਹੁੰਦੀ ਹਾਂ? ? ? ? ?

. ਭਾਈ ਗੁਰਦਾਸ ਜੀ ਵੀ ਆਪਣੇ ਵਿਚਾਰ ਦਿੰਦੇ ਹਨ।

. ਜੇਹਾ ਬੀਜੈ ਸੋ ਲੁਣੈ ਫਲ ਅੰਬ ਲਸੂੜੀ॥ ਭਾਈ ਗੁਰਦਾਸ ਜੀ। ਵਾਰ 9॥

. ਮਨੁੱਖ, ਜਿਸ ਵੀ ਤਰਾਂ ਦਾ ਕੋਈ ਫਲ ਬੀਜੇਗਾ, ਉਸੇ ਤਰਾਂ ਦਾ ਫਲ ਪ੍ਰਾਪਤ ਕਰੇਗਾ। ਚਾਹੇ ਕੋਈ ਅੰਬ ਬੀਜ ਲਵੇ ਜਾਂ ਚਾਹੇ ਕੋਈ ਲਸੂੜੀ ਬੀਜ ਲਵੇ।

( ((ਲਸੂੜੀ – ਲਸੂੜਾ (Cordia Myxa) = ਇਹ ਫਲ ਇੱਕ ਲੇਸਦਾਰ ਕਿਸਮ ਦਾ ਫਲ ਹੈ। ਪੱਕਾ ਹੋਇਆ ਇਹ ਮਿੱਠਾ ਹੋ ਜਾਂਦਾ ਹੈ। ਕੱਚਾ ਹਰੇ ਰੰਗ ਦਾ ਫਲ 'ਆਚਾਰ' ਬਨਾਉਣ ਲਈ ਵੀ ਵਰਤਿਆ ਜਾਂਦਾ ਹੈ।)))



.'ਗੁਰਮੱਤ ਗਿਆਨ' ਦਾ ਕੇਂਦਰੀ ਭਾਵ ਇਹੀ ਹੈ ਕਿ ਮਨੁੱਖ ਜਿਸ ਤਰਾਂ ਦੀ ਇੱਛਾ/ਖ਼ਵਾਹਿਸ਼ ਬਣਾਉਂਦਾ ਹੈ, ਉਸੇ ਤਰਾਂ ਦੇ ਕਰਮ ਵੀ ਕਰਦਾ ਹੈ। ਜਿਸ ਤਰਾਂ ਵਿਚਾਰ ਅਤੇ ਕਰਮ ਹੋਣਗੇ ਫ਼ਲ/ਰਜ਼ੱਲਟ ਵੀ ਉਸੇ ਦੇ ਅਨੁਸਾਰ ਹੀ ਭੋਗਣੇ ਪੈਣੇ ਹਨ। ਇਸ ਰਜ਼ੱਲਟ ਵਿੱਚ ਕਿਸੇ ਹੋਰ ਉੱਪਰ ਜ਼ਿੰਮੇਵਾਰੀ ਆਇਦ ਨਹੀਂ ਹੁੰਦੀ, ਨਹੀਂ ਬਣਦੀ। ਖ਼ੁਦ ਮਨੁੱਖ ਆਪ ਜ਼ਿੰਮੇਵਾਰ ਹੈ। ਇਹ ਇੱਛਾ/ਵਿਚਾਰ ਬਣਾਉਣੇ ਮਨੁੱਖ ਦੇ ਆਪਣੇ ਅਖਤਿਆਰ ਵਿੱਚ ਹਨ। ਮਨੁੱਖ ਦੇ ਆਪਣੇ ਲਏ ਫੈਸਲੇ ਹਨ।

**. ਮਨੁੱਖ ਦੇ ਇਹ ਵਿਚਾਰ/ਇੱਛਾ, ਖਵਾਹਿਸ਼ ਮਨੁੱਖੀ ਦਿਮਾਗ਼ ਦੇ ਇੱਕ ਹਿੱਸੇ ਜਿਸ ਦਾ ਨਾਮ ਹਾਈਪੋਥੇਲੈਮਸ (Hypothalamus-** The **hypothalamus** is responsible for the regulation of certain metabolic processes and other activities of the autonomic nervous system. ... The **hypothalamus** controls body temperature, hunger, important aspects of parenting and attachment behaviours, thirst, fatigue, sleep, and circadian rhythms.**) ਦੁਆਰਾ ਹੀ ਕੰਟਰੋਲ ਕੀਤੇ ਜਾਂਦੇ ਹਨ। ਇਸ ਹਿੱਸੇ ਦਾ ਇੱਕ ਹੋਰ ਸਾਥੀ ਹੈ, ਜਿਸ ਦਾ ਨਾਮ ਹੈ ਪੀਟਿਊਟਰੀ ਗਲੈਂਡ (pituitary gland-** The **pituitary gland** is a part of your endocrine system. Its main **function** is to secrete hormones into your bloodstream. These hormones can affect other organs and **glands**, especially your: ... adrenal **glands.**




.

. ਮਨੁੱਖੀ 'ਮਨ' ਹੀ ਲਾਲਸਾਵਾਂ, ਲੋੜਾਂ, ਇੱਛਿਆਵਾਂ-ਖਵਾਹਸ਼ਾਂ ਦਾ ਜਨਮ-ਦਾਤਾ ਹੈ।

. ਸੋ, ਮਨ ਵਿੱਚ ਇੱਛਾ ਬਨਾਉਣ ਦੇ ਵੇਲੇ/ਵਕਤ, ਮਨੁੱਖ ਨੂੰ ਆਪਣੀ ਲੋੜ ਅਤੇ ਹੈਸੀਅਤ ਦਾ ਖਿਆਲ ਰੱਖਣਾ ਹੋਵੇਗਾ। ਮੈਂ ਜੋ ਸੁਪਨਾ ਵੇਖ ਰਿਹਾ ਹਾਂ/ਰਹੀ ਹਾਂ, ਜਾਂ ਆਪਣੀ ਇੱਛਾ ਬਣਾ ਰਿਹਾ ਹਾਂ, ਉਸਨੂੰ ਪੂਰਾ ਕਰਨ ਲਈ ਮੇਰੇ ਵਿੱਚ ਕਾਬਲੀਅਤ ਹੈ, ਹੈਸੀਅਤ ਹੈ? ? ਆਪਣੇ ਆਪ ਨੂੰ ਇਹ ਸਵਾਲ ਕਰਨਾ ਹੋਵੇਗਾ, ਆਪਣੀ ਕਾਬਲੀਅਤ/ਹੈਸੀਅਤ ਨੂੰ ਪਹਿਚਾਨਣ ਦੇ ਲਈ।

. ਅਗਰ ਇੱਛਾ ਜਿਆਦਾ ਵੱਡੀ ਹੈ ਤਾਂ ਉਸਨੂੰ ਪੂਰਾ ਕਰਨ ਲਈ ਮਿਹਨਤ-ਮੁਸ਼ੱਕਤ ਵੀ ਜਿਆਦਾ ਕਰਨੀ ਹੋਵੇਗੀ। ਸਮਾਂ ਵੀ ਵੱਧ ਲਾਗੇਗਾ। ਕਰਮ ਵੀ ਵੱਡਾ ਕਰਨਾ ਹੋਵੇਗਾ। ਸੋਚ ਸਮਝਕੇ ਕਰਨਾ ਹੋਵੇਗਾ।

**. ਕਰਮ:** ਸਰੀਰਿੱਕ ਅੰਗਾਂ ਦੀ ਵਰਤੋਂ ਕਰਕੇ ਕੀਤਾ ਗਿਆ ਕਰਮ/ਕੰਮ। ਇਹ ਕਰਮ ਨਿਜ਼-ਸੁਆਰਥ ਲਈ ਵੀ ਹੋ ਸਕਦਾ ਹੈ, ਨਿਸੁਆਰਥ ਵੀ ਹੋ ਸਕਦਾ ਹੈ।




. ਮਨ-ਇੱਛਾ ਦੀ ਪੂਰਤੀ ਲਈ, ਪ੍ਰਾਪਤੀ ਲਈ ਅੱਗਲਾ ਕਦਮ ਹੈ, ‘ਕਰਮ’।

. ਮਨੁੱਖੀ ਮਨ ਦੀ ਅਭਿਲਾਸ਼ਾ/ਖਵਾਹਿਸ਼/ਲਾਲਸਾ/ਲੋੜ ਹੀ ਮਨੁੱਖੀ-ਕਰਮ ਦਾ ਬੀਜ਼ ਹੈ।

. ਇਹ ਕਰਮ ਸਰੀਰਿੱਕ ਅੰਗਾਂ ਦੀ ਵਰਤੋਂ ਕਰਕੇ ਕੀਤਾ ਜਾਣਾ ਹੈ/ਜਾਂਦਾ ਹੈ।

- ਮੂੰਹ ਰਾਂਹੀ ਬੋਲ ਕੇ।
- ਹੱਥਾਂ ਰਾਂਹੀ ਕੰਮ ਕਰਕੇ।
- ਪੈਰਾਂ ਰਾਂਹੀ ਚੱਲ ਕੇ।
- ਅੱਖਾਂ ਰਾਂਹੀ ਇਸ਼ਾਰੇ ਕਰਕੇ।
- ਮਨੁੱਖ ਜੋ ਵੀ ਕਰਮ/ਕੰਮ ਕਰੇਗਾ ਉਸ ਵਿੱਚ ਸਰੀਰਿੱਕ ਵਰਤੋਂ ਕਰਨੀ ਪਵੇਗੀ।

.'ਕਰਮ' ਕਰਦੇ ਸਮੇਂ ਸਾਡੇ ਮਨ ਦੀ ਇਕਾਗਰਤਾ/ਧਿਆਨ 'ਕਰਮ-ਫ਼ਲ' ਦੀ ਪ੍ਰਾਪਤੀ ਵਿਚ/ਵੱਲ ਨਾ ਹੋਵੇ, ਬਲਕਿ ਸਾਡਾ ਸਾਰਾ ਧਿਆਨ-ਇਕਾਗਰਤਾ, ਕੀਤੇ ਜਾ ਕਰਮ ਦੀ ਸੰਪੂਰਨਤਾ ਵੱਲ ਹੋਵੇ। ਕੀਤੇ ਜਾ ਰਹੇ ਕੰਮ ਦੀ ਕਾਮਯਾਬੀ ਲਈ ਸਾਵਧਾਨਤਾ ਵੱਲ ਹੋਵੇ।

. ਇੱਛਾ ਪ੍ਰਾਪਤੀ ਲਈ ਕੀਤਾ ਗਿਆ' ਕਰਮ' ਹੀ ਸਾਡੇ 'ਮਨ-ਇੱਛਤ' ਫ਼ਲ ਦਾ ਆਧਾਰ ਹੈ, ਨੀਂਹ ਹੈ, ਜੜ੍ਹ ਹੈ। ਇਸ ਲਈ ਚੌਕਸੀ/ਸਾਵਧਾਨਤਾ ਨਿਹਾਇਤ ਜਰੂਰੀ ਹੈ।

. ਹਰ ਮਨੁੱਖ ਨੂੰ ਆਪਣੀ 'ਮਨ-ਬਾਂਛਤ ਇੱਛਾ' ਪ੍ਰਾਪਤੀ ਲਈ ਆਪਣੇ ਵਲੋਂ ਪੂਰੀ ਤਨ-ਦੇਹੀ ਨਾਲ ਹਰ ਕਰਮ ਨੂੰ ਸਾਰੰਜਾਮ ਦੇਣਾ ਹੋਵੇਗਾ/ਚਾਹੀਦਾ ਹੈ।

.'ਕਰਮ' ਕਰਦੇ ਸਮੇਂ ਅਗਰ ਮਨ ਏਧਰ-ਉਧਰ ਭਟਕਣਾ ਵਿੱਚ ਨਾ ਭਟਕੇ ਤਾਂ ਕਰਮ-ਫ਼ਲ ਦੇ ਮਿੱਠੇ ਹੋਣ ਦੇ ਚਾਨਸ/ਮੌਕੇ ਜਿਆਦਾ ਬਣ ਜਾਂਦੇ ਹਨ ਭਾਵ ਮਨੁੱਖੀ ਮਨ ਦੇ ਅਨੁਸਾਰੀ ਰਜ਼ੱਲਟ/ਫ਼ਲ ਆਵੇਗਾ। ਭਾਵ 'ਕਰਮ-ਸਿੱਟਾ' ਚੜ੍ਹਦੀ-ਕਲਾ ਵਾਲਾ ਹੋਵੇਗਾ।

. ਅਗਰ! ਕਰਮ ਕਰਦੇ ਸਮੇਂ ਮਨ ਏਧਰ-ਉਧਰ ਭਟਕਣਾ ਵਿੱਚ ਰਹੇਗਾ ਤਾਂ ਰਜ਼ੱਲਟ/ਫ਼ਲ ਦੇ ਖੱਟੇ ਹੋਣ ਜਾਂ ਕੁੜੱਤਣ ਭਰੇ ਹੋਣ ਦਾ ਖ਼ਦਸ਼ਾ ਜਿਆਦਾ ਹੋਵੇਗਾ। ਹੱਥ ਵਿੱਚ ਨਿਰਾਸ਼ਤਾ ਆਵੇਗੀ। ਮਨੁੱਖੀ ਮਨ ਦੀ ਦਸ਼ਾ ਢਹਿੰਦੀ ਕਲਾ ਵਾਲੀ ਹੋਵੇਗੀ।

**.ਫ਼ਲ-ਰਜ਼ੱਲਟ:** ਮਨੁੱਖ ਦੁਆਰਾ ਕੀਤੇ ਗਏ ਹਰ ਕੰਮ ਦਾ ਆਖਰੀ ਸਿੱਟਾ।




## . ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥

## ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ 23॥

ਬਾਬਾ ਫਰੀਦ ਜੀ, ਇੱਕ ਜੱਟ ਦੀ ਉਦਾਹਰਨ ਦੇ ਕੇ ਸਮਝਾ ਰਹੇ ਹਨ, ਕਿ ਜੱਟ ਕਿੱਕਰ ਦੇ 'ਬੀਜ਼' ਬੀਜ਼ ਕੇ ਬਿਜ਼ਉਰ ਸ਼ਹਿਰ ਦੀਆਂ ਦਾਖਾਂ ਨਹੀਂ ਪ੍ਰਾਪਤ ਕਰ ਸਕਦਾ। ਭੇਡਾਂ ਦੀ ਉੱਨ ਕੱਤ ਕੇ ਕੱਪੜੇ ਪਾਉਣ ਵਾਲਾ, 'ਪਟੁ) ਰੇਸ਼ਮੀ ਕੱਪੜੇ ਨਹੀਂ ਪਹਿਨ ਸਕਦਾ। ਦਾਖਾਂ ਖਾਣ ਅਤੇ ਰੇਸ਼ਮ ਦੇ ਕੱਪੜੇ ਪਹਿਨਣ ਲਈ ਉਸ ਤਰਾਂ ਦੇ ਉਪਰਾਲੇ ਕਰਨੇ ਪੈਣੇ ਹਨ।

. ਕੁੱਦਰਤ ਦੇ ਬਣਾਏ/ਸਾਜੇ ਵਿੱਧੀ-ਵਿਧਾਨ, ਸਿਧਾਂਤ, ਅਸੂਲ ਦੇ ਅਨੁਸਾਰ, ਮਨੁੱਖ ਦੇ ਹਰ ਕਰਮ ਦਾ 'ਕਰਮ-ਫ਼ਲ', ਮਨੁੱਖ ਨੂੰ ਮਿਲਣਾ ਹੈ। ਚਾਹੇ ਉਹ ਕਰਮ ਨਿਸੁਆਰਥ ਹੋ ਕੇ ਕੀਤਾ ਜਾਂ ਆਪਣੇ ਸੁਆਰਥ ਲਈ ਕੀਤਾ।

. ਇਹਨਾਂ ਅਟੱਲ ਕੁੱਦਰਤੀ ਵਿੱਧੀ-ਵਿਧਾਨਾਂ, ਸਿਧਾਂਤਾਂ, ਅਸੂਲਾਂ ਵਿੱਚ ਕਿਸੇ ਵੀ ਮਨੁੱਖ/ ਪ੍ਰਾਣੀ ਨਾਲ ਕੋਈ ਰਿਆਇਤ ਨਹੀਂ। ਹਰ ਇੱਕ ਮਨੁੱਖ ਨੂੰ ਉਸ ਦੁਆਰਾ ਅੰਜ਼ਾਮ ਵਿੱਚ ਲਿਆਦੇਂ ਗਏ ਕਰਮ ਦਾ ਫ਼ਲ/ਰਜੱਲਟ ਮਿਲਣਾ ਹੀ ਮਿਲਣਾ ਹੈ। ਕੀਤਾ ਗਿਆ ਕਰਮ ਪੌਜ਼ੇਟਿੱਵ ਸੋਚ ਨਾਲ ਕੀਤਾ ਗਿਆ ਹੋਵੇ, ਚਾਹੇ ਜਾਂ ਨੈਗੇਟਿੱਵ ਸੋਚ ਨਾਲ।

. ਕਰਮ-ਫ਼ਲ ਮਿਲਣਾ ਹੀ ਮਿਲਣਾ ਹੈ, ਆਉਂਣਾ ਹੀ ਆਉਂਣਾ ਹੈ।

. ਇਹੀ ਕਰਮ-ਫ਼ਲ/ਰਜੱਲਟ ਹੀ ਮਨੁੱਖ ਦੀ ਜ਼ਿੰਦਗੀ ਵਿੱਚ ਖੁਸ਼ੀਆਂ-ਖੇੜਿਆਂ ਅਤੇ ਗਮੀਆਂ ਦੇ ਆਧਾਰ ਬਣਦੇ ਹਨ।

. ਇਹਨਾਂ 'ਚੰਗੇ-ਮਾੜੇ' ਸਿੱਟਿਆਂ, ਕਰਮ-ਫ਼ਲਾਂ/ਰਜੱਲਟਾਂ ਨੂੰ ਹੀ ਆਪਣੀ 'ਕਿਸਮਤ/ ਮੁਕੱਦਰ/ਭਾਗ/ਲੇਖ' ਕਹਿ ਕਿ ਕਈ ਮਨੁੱਖ ਆਪਣੇ ਜੀਵਨ ਵਿੱਚ 'ਸਚਿਆਰਤਾ' ਵਾਲੇ ਕੰਮਾਂ ਨੂੰ ਕਰਨ ਦੀ ਜ਼ਿੰਮੇਵਾਰੀ ਲੈਣ ਤੋਂ ਭਗੌੜੇ ਹੋ ਜਾਂਦੇ ਹਨ। ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਲੈਂਦੇ।

. ਆਪਣੇ ਕਰਮਾਂ ਨੂੰ ਕਰਨ ਦੀ ਬਣਦੀ ਜ਼ਿੰਮੇਵਾਰੀ ਲੈਣ ਤੋਂ ਇੰਨਕਾਰੀ ਹੋਣ ਕਰਕੇ ਹੀ ਮਨੁੱਖ ਰਾਹੋਂ-ਕੁਰਾਹੇ ਪੈ ਜਾਂਦਾ ਹੈ।

- ਆਪਣੇ ਫਰਜ਼ਾਂ/ਜ਼ਿੰਮੇਵਾਰੀਆਂ ਤੋਂ ਥਿੜਕ ਜਾਂਦਾ ਹੈ।
- ਜੀਵਨ ਵਿੱਚ ਪਰੇਸ਼ਾਨੀਆਂ ਦਾ ਵਾਧਾ ਹੋ ਜਾਂਦਾ ਹੈ।
- ਵਹਿਮਾਂ-ਭਰਮਾਂ-ਪਾਖੰਡਾਂ-ਕਰਮਕਾਡਾਂ ਵਿੱਚ ਫੱਸ ਜਾਂਦਾ ਹੈ।
- ਹਰ ਐਰੇ-ਗੈਰੇ-ਨੱਥੂ ਖੈਰੇ, ਅਨਪੜ੍ਹ ਅਗਿਆਨੀ ਦੀ ਗੱਲ ਮੰਨਣ ਨੂੰ ਤਿਆਰ ਹੋ ਜਾਂਦਾ ਹੈ।
- ਉਹ ਆਪਣੀ ਅਕਲ-ਮੱਤ-ਬੁੱਧ ਤੋਂ ਕੰਮ ਲੈਣਾ ਬੰਦ ਕਰ ਦਿੰਦਾ ਹੈ।
- ਹਰ ਵਕਤ ਕੋਈ ਨਾ ਕੋਈ ਸਹਾਰਾ ਭਾਲਦਾ ਹੈ ਕਿ ਕੋਈ ਉਸਨੂੰ ਅੱਗੇ ਜਾਣ ਵਾਲਾ ਰਾਹ ਦਿਖਾਉਣਾ ਕਰੇ।

**** ਅੱਜ ਦੇ ਸਿੱਖ ਸਮਾਜ ਵਿੱਚ ਅਜੇਹੇ ਲੋਕਾਂ ਦੀ ਕੋਈ ਕਮੀ ਨਹੀਂ, ਜੋ ਆਪਣੀਆਂ ਜ਼ਿੰਮੇਵਾਰੀਆਂ ਤੋਂ ਭਗੌੜੇ ਹੋ ਕੇ ਵਿਹਲੜ ਡੇਰੇਦਾਰਾਂ, ਨਿਰਮਲਿਆਂ ਸਾਧਾਂ, ਟਕਸਾਲੀਆਂ ਬੂਬਨਿਆਂ, ਪੀਰਾਂ-ਫਕੀਰਾਂ ਦੀ ਕਬਰਾਂ-ਮਜ਼ਾਰਾਂ ਦੀਆਂ ਚੌਕੀਆਂ ਭਰਦੇ ਫਿਰਦੇ ਹਨ।

. ਹਰ ਅਣਮਤੀਆਂ- ਮਨਮਤੀਆਂ ਦੇ ਧਾਰਮਿੱਕ ਸਥਾਨਾਂ ਦੀਆਂ ਤੀਰਥ ਯਾਤਰਾਵਾਂ ਕਰਕੇ ਆਪਣੇ ਮਨ ਦੀਆਂ ਇੱਛਿਆਵਾਂ ਦੀ ਪੂਰਤੀ ਲਈ ਤਰਲੇ ਮਿੰਨਤਾਂ ਜੋਦੜੀਆਂ ਕਰਦੇ ਵੇਖੇ ਜਾ ਸਕਦੇ ਹਨ।

. ਸਿੱਖ ਸਮਾਜ ਇਸ ਬਿੱਪਰੀ ਦਲਦਲ ਵਿੱਚ ਬੁਰੀ ਤਰਾਂ ਫੱਸ ਚੁੱਕਾ ਹੈ। ਸਿੱਖਾਂ ਦੇ ਹਰ ਆਮ ਖਾਸ ਗੁਰਦੁਆਰੇ ਵਿੱਚ ਹੋ ਰਹੇ, ਇਹਨਾਂ ਬਿੱਪਰੀ ਕਰਮਕਾਂਡਾਂ ਦੀ ਭਰਮਾਰ ਵੇਖੀ ਜਾ ਸਕਦੀ ਹੈ। ਇਹ ਬਿੱਪਰੀ ਕਰਮਕਾਂਡ ਕਰਵਾਉਣ ਵਾਲੇ ਗੁਰਦੁਆਰਿਆਂ ਦੇ ਗਰੰਥੀ ਹੀ ਹਨ।

. ਜਦ ਸ਼ਰਧਾ-ਉੱਲੂ ਸਿੱਖਾਂ ਦੇ ਮੁੱਖ ਧਾਰਮਿੱਕ ਸਥਾਨਾਂ ਵਿੱਚ ਇਹਨਾਂ ਬਿੱਪਰੀ ਰੀਤਾਂ-ਰਸਮੋਂ ਰਿਵਾਜ਼ਾਂ ਨੂੰ ਵੇਖਦੇ ਹਨ, ਤਾਂ ਫਿਰ ਉਹ ਆਪਣੇ ਘਰਾਂ ਵਿੱਚ ਵੀ ਆ ਕੇ ਕਰਦੇ ਹਨ। ਫਿਰ ਇਹਨਾਂ ਦੀ ਉਲਾਦ ਵੀ ਉਹਨਾਂ ਰਸਮਾਂ-ਰਿਵਾਜ਼ਾਂ ਨੂੰ ਸਿੱਖਦੀ ਹੈ। ਇਸ ਤਰਾਂ ਅੱਗੇ ਤੋਂ ਅੱਗੇ ਪੀੜ੍ਹੀ ਦਰ ਪੀੜ੍ਹੀ ਇਹ ਸਿਲਸਿਲਾ ਕਾਇਮ ਹੋ ਜਾਂਦਾ ਹੈ।

. ਇਸੇ ਲਈ ਬਹੁਤ ਸਾਰੇ ਵੀਰ-ਭੈਣਾਂ ਇਹ ਵਿਚਾਰ ਦਿੰਦੇ ਹਨ ਕਿ ਉਹਨਾਂ ਦੇ ਬਾਪ ਦਾਦਾ ਤਾਂ ਇਸ ਤਰਾਂ ਹੀ ਕਰਦੇ ਸਨ, ਸੋ ਉਹ ਕਿਉਂ ਨਾ ਕਰਨ? ? ? ?

. ਮਨੁੱਖ ਦੇ ਹਰ ਪਾਸੇ ਕਾਇਨਾਤ ਵਿੱਚ ਗਿਆਨ ਹੀ ਗਿਆਨ ਦਾ ਚਾਨਣ ਹੈ। ਬੱਸ ਲੈਣ ਵਾਲਾ ਚਾਹੀਦਾ ਹੈ।

.'ਗੁਰਮੱਤ-ਗਿਆਨ' ਹੀ ਕੁੱਦਰਤ ਦਾ ਗਿਆਨ ਹੈ। ਗਿਆਨ ਲੈ ਕੇ ਆਪਣੇ ਆਪ ਨੂੰ ਜਾਨਣਾ-ਪਹਿਚਾਨਣਾ ਕਰੋ ਜੀ।

. ਆਪੇ ਨੂੰ ਜਾਣ ਲਿਆ, ਸਮਝੋ ਕੁੱਦਰਤ ਨੂੰ ਜਾਣ ਲਿਆ। ਗਿਆਨਵਾਨ ਹੋਣ ਦੇ ਨਾਲ ਆਪਣੀਆਂ ਇੱਛਿਆਵਾਂ-ਖਵਾਹਿਸਾਂ-ਲੋੜਾਂ ਉੱਪਰ ਕਾਬੂ ਪਾਇਆ ਜਾ ਸਕਦਾ ਹੈ।

. ਗਿਆਨ ਹੋਣ ਦੇ ਆਪਣੀਆਂ ਇੱਛਿਆਵਾਂ-ਖਵਾਹਿਸਾਂ-ਲੋੜਾਂ ਦੀ ਕਵਾਲਿੱਟੀ ਬਦਲੀ ਜਾ ਸਕਦੀ ਹੈ।

. ਇਸ ਗਿਆਨ ਲੈਣ ਵਾਲੇ ਰਸਤੇ ਉੱਪਰ ਚੱਲਣਾ ਜਾਂ ਨਾ ਚੱਲਣਾ, ਇਹ ਹਰ ਮਨੁੱਖ ਦਾ ਆਪਣਾ ਫੈਸਲਾ ਹੈ।

- ਕਿਸੇ ਵੀ ਮਨੁੱਖ ਦੇ ਜੀਵਨ ਵਿੱਚ ਸਰੀਰਿੱਕ-ਮਾਨਸਿੱਕ ਸੁੱਖ-ਦੁੱਖ ਆਉਂਦੇ ਜਾਂਦੇ ਰਹਿਣੇ ਹਨ।
- ਇਹਨਾਂ ਸਰੀਰਿੱਕ-ਮਾਨਸਿੱਕ ਸੁੱਖਾਂ-ਦੁੱਖਾਂ ਲਈ ਮਨੁੱਖ ਆਪ ਹੀ ਜ਼ਿੰਮੇਵਾਰ ਹੁੰਦਾ ਹੈ।
- ਆਪਣੇ ਨਿਜ਼ੀ, ਸਰੀਰਿੱਕ-ਮਾਨਸਿੱਕ ਸੁੱਖਾਂ-ਦੁੱਖਾਂ ਲਈ ਕਿਸੇ ਹੋਰ ਨੂੰ ਦੋਸ਼ੀ ਮੰਨਣਾ ਬੇਵਕੂਫੀ-ਅਗਿਆਨਤਾ-ਮੂੜਮੱਤ ਹੋਵੇਗੀ।
- ਕਿਸੇ ਮਨੁੱਖ ਦੇ ਜੀਵਨ ਵਿੱਚ ਸੁੱਖ ਦੁੱਖ ਉਸ ਮਨੁੱਖ ਦੀ ਆਪਣੀ ਕਰੇਟਿਵਟੀ ਹੈ।

‘‘ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥

ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥ ਰਹਾਉ॥

ਬਾਬਾ ਭਗਤ ਕਬੀਰ ਜੀ॥ 727॥

ਧੰਨਵਾਧ।

ਇੰਜ ਦਰਸਨ ਸਿੰਘ ਖਾਲਸਾ

ਸਿੱਡਨੀ ਅਸਟਰੇਲੀਆ।

05 ਦਸੰਬਰ 2019